JAGAT GURU NANAK DEV
PUNJAB STATE OPEN UNIVERSITY PATIALA
(Established by Act No.19 of 2019 of Legislature of the State of Punjab)

**Ref.No./PSOU/Admission/07** **Dated:- 25.01.2024**

**ਦਾਖਲਾ ਨੋਟਿਸ**

**(ਸੈਸ਼ਨ - ਜਨਵਰੀ, 2024)**

ਵੱਲ:

ਪ੍ਰਿੰਸੀਪਲ/ਕੋ-ਆਰਡੀਨੇਟਰ ਸਾਹਿਬਾਨ, ਸਬੰਧਤ ਲਰਨਰ ਸਪੋਰਟ ਸੈਂਟਰ,
ਮੁਖੀ/ਕੋ-ਆਰਡੀਨੇਟਰ ਸਾਹਿਬਾਨ, ਸਮੂਹ ਯੂਨੀਵਰਸਿਟੀ ਸਕੂਲ,
ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ।

**ਵਿਸ਼ਾ- ਸੈਸ਼ਨ ਜਨਵਰੀ, 2024 ਲਈ ਦਾਖਲਾ ਪ੍ਰਕੀਰਿਆ ਮਿਤੀ 16/03/2024 ਤੱਕ ਪੂਰੀ ਕਰਨ ਸੰਬੰਧੀ।**

ਸ੍ਰੀ ਮਾਨ ਜੀ,

ਉਪਰੋਕਤ ਦੇ ਸਬੰਧ ਵਿੱਚ ਯੂ.ਜੀ.ਸੀ ਡੈਬ(UGC DEB) ਅਤੇ ਯੂਨੀਵਰਸਿਟੀ ਕੈਲੰਡਰ ਅਨੁਸਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਅਧੀਨ ਸੈਸ਼ਨ ਜਨਵਰੀ, 2024 ਲਈ ਦਾਖਲਾ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਜਿਸ ਦੀ ਆਖਰੀ ਮਿਤੀ 16.03.2024 ਹੈ। ਸੈਸ਼ਨ ਜਨਵਰੀ, 2024 ਲਈ ਦਾਖਲੇ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਯੂਨੀਵਰਸਿਟੀ ਦੇ ਦਾਖਲਾ ਪੇਜ (https://admissions.psou.ac.in) ਤੇ ਉੱਪਲਬਧ ਹੈ। ਯੂਨੀਵਰਸਿਟੀ ਦੇ ਸਮੂਹ ਸੰਬੰਧਿਤ ਲਰਨਰ ਸਪੋਰਟ ਸੈਂਟਰਾਂ(LSCs) ਦੇ ਪ੍ਰਿੰਸੀਪਲ/ਕੋ-ਆਰਡੀਨੇਟਰ ਸਾਹਿਬਾਨ ਅਤੇ ਸਮੂਹ ਮੁਖੀ/ਕੋਆਰਡੀਨੇਟਰ ਸਾਹਿਬਾਨ, ਯੂਨੀਵਰਸਿਟੀ ਸਕੂਲਾਂ ਦੇ ਸੈਸ਼ਨ ਜਨਵਰੀ, 2024 ਦੀ ਦਾਖਲਾ ਪ੍ਰਕਿਰਿਆ ਲਈ ਮਿਤੀ 16.03.2024 ਤੱਕ ਪੂਰਾ ਕਰਨ ਲਈ ਲਿਖਿਆ ਜਾਂਦਾ ਹੈ।

**ਨੋਟ**: ਯੂਨੀਵਰਸਿਟੀ ਸਕੂਲਾਂ ਦੇ ਮੁਖੀ ਸਹਿਬਾਨ ਅਤੇ ਸੰਬੰਧਿਤ ਲਰਨਰ ਸਪੋਰਟ ਸੈਟਰਾਂ ਦੇ ਪ੍ਰਿੰਸੀਪਲ/ਕੋ-ਆਰਡੀਨੇਟਰ ਸਹਿਬਾਨ ਆਪਣੇ ਸੰਬੰਧਿਤ ਪੋਰਟਲ ਦੇ ਲਾਗ-ਇਨ ਵਿੱਚ ਦਾਖਲ ਵਿਦਿਆਰਥੀਆਂ ਦੀ ਵਿਦਿਅਕ ਯੋਗਤਾ ਚੈੱਕ ਕਰਨ ਉਪਰੰਤ ਦਾਖਲਾ ਫਾਰਮਾਂ ਨੂੰ ਸਮੇਂ-ਸਿਰ ਵੈਰੀਫਾਈ ਕਰਨਾ ਯਕੀਨੀ ਬਣਾਉਣਗੇ। ਦਾਖਲ ਵਿਦਿਆਰਥੀਆਂ ਨੂੰ ਵੈਰੀਫਾਈ ਕਰਨ ਉਪਰੰਤ ਸਬੰਧਤ ਡਾਟਾ ਲਾਕ ਕੀਤਾ ਜਾਵੇ ਅਤੇ ਸੰਬੰਧਿਤ ਵਿਦਿਆਰਥੀਆਂ ਦੀ ਜਮ੍ਹਾਂ ਕਰਵਾਈ ਫੀਸ ਦੀ ਜਾਣਕਾਰੀ ਭਰਨ ਉਪਰੰਤ ਅੰਤਿਮ ਰਿਪੋਰਟ, ਦਾਖਲ ਵਿਦਿਆਰਥੀਆਂ ਦੀ ਸੂਚੀ ਸਮੇਤ ਜਮ੍ਹਾਂ ਕਰਵਾਈ ਫੀਸ ਦੀ ਰਸੀਦ ਆਪਣੇ ਸੰਬੰਧਿਤ ਪੋਰਟਲ ਦੇ ਲਾਗ-ਇਨ ਵਿੱਚ ਅਪਲੋਡ ਕਰਨਾ ਲਾਜ਼ਮੀ ਬਣਾਉਣ ਜੀ। ਫਾਈਨਲ ਦਾਖਲਾ ਰਿਪੋਰਟ ਆਨਲਾਈਨ ਅਪਲੋਡ ਹੋਣ ਉਪਰੰਤ ਹੀ ਵਿਦਿਆਰਥੀਆਂ ਦੀ ਦਾਖਲਾ ਪ੍ਰਕਿਰਿਆ ਪੂਰੀ ਸਮਝੀ ਜਾਵੇਗੀ।

ਉਪਰੋਕਤ ਸੰਬੰਧੀ ਆਪ ਜੀ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਇਸ ਸੰਬੰਧੀ ਦਾਖਲਾ ਹੈਲਪ-ਲਾਈਨ ਨੰਬਰ 94630-82523 ਅਤੇ admission.helpline@psou.ac.in ਤੇ ਸੰਪਰਕ ਕੀਤਾ ਜਾਵੇ ਜੀ।

**ਨੱਥੀ**: 1) ਦਾਖਲਾ ਫਾਰਮ ਅਤੇ ਦਾਖਲੇ ਸੰਬੰਧੀ ਹਦਾਇਤਾਂ( ਸੈਸ਼ਨ ਜਨਵਰੀ, 2024)

ਮੁਖੀ, ਦਾਖਲਾ ਸੈੱਲ
ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ,
ਪਟਿਆਲਾ।

**ਉਤਾਰਾ ਜਾਣਕਾਰੀ ਅਤੇ ਅਗਰੇਲੀ ਕਾਰਵਾਈ ਹਿੱਤ:-**

- Dean Academic Affairs, JGND PSOU, Patiala
- Registrar, JGND PSOU, Patiala
- Secretary to Vice Chancellor, JGND, PSOU Patiala
- Director, LSC, JGND PSOU, Patiala
- Director, CITS, JGND PSOU, Patiala
- P.R.O. JGND PSOU, Patiala
- A.R (Accounts), JGND PSOU, Patiala
- A.R (Academics), JGND PSOU, Patiala